بِسۡمِ اللّٰہِ الرَّحۡمٰنِ الرَّحِیۡمِ    نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ    وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 02.02.2018

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

**ਅਲੱਾਹ 'ਗ਼ਾਫ਼ਿਰੁਜ਼ੰਬ' ਹੈ ਅਰਥਾਤ ਪਾਪਾਂ ਨੂੰ ਬਖ਼ਸ਼ਣ ਵਾਲਾ ਹੈ, ਸੋ ਉਸ ਅੱਗੇ ਝੁਕਦਿਆਂ ਹੋਇਆਂ ਪਾਪਾਂ ਦੀ ਬਖਸ਼ਿਸ ਮੰਗਣੀ ਚਾਹੀਦੀ ਹੈ**

**ਮਨੁੱਖ ਨੂੰ ਚਾਹੀਦਾ ਹੈ ਕਿ ਵਾਸਤਵਿਕ ਰੂਪ ਵਿੱਚ ਮਨ ਹੀ ਮਨ ਵਿੱਚ ਖਿਮਾ ਮੰਗਦਾ ਰਹੇ ਕਿ ਉਹ ਪਾਪ ਤੇ ਜੁਰਮ ਜੋ ਮੈਥੋਂ ਹੋ ਚੁਕੇ ਹਨ ਉਹਨਾਂ ਦਾ ਦੰਡ ਨ ਭੁਗਤਨਾ ਪਏ ਅਤੇ ਮਨ ਹੀ ਮਨ ਵਿੱਚ ਹਰ ਸਮੇਂ ਰੱਬ ਤੋਂ ਮਦਦ ਮੰਗਦਾ ਰਹੇ ਕਿ ਭਵਿੱਖ ਵਿੱਚ ਨੇਕ ਕੰਮ ਕਰਨ ਦੀ ਤੌਫ਼ੀਕ ਦੇਵੇ ਅਤੇ ਪਾਪਾਂ ਤੋਂ ਬੱਚ ਜਾਏ**

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 02 ਫ਼ਰਵਰੀ 2018 ਈ. ਨੂੰ ਮਸਜਿਦ ਬੈਤੁਲ ਫ਼ੁਤੂਹ ਮੋਰਡਨ ਲੰਦਨ ਵਿੱਚ ਦਿੱਤਾ**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਹੇਠ ਲਿੱਖੀਆਂ ਆਇਤਾਂ ਦੀ ਤਤਲਾਵਤ ਫ਼ਰਮਾਈ ਅਤੇ ਉਹਨਾਂ ਦਾ ਅਨੁਵਾਦ ਪੇਸ਼ ਕੀਤਾ । ਫ਼ਰਮਾਇਆ :

بِسۡمِ اللّٰہِ الرَّحۡمٰنِ الرَّحِیۡمِ ○ حٰمٓ ○ تَنۡزِیۡلُ الۡکِتٰبِ مِنَ اللّٰہِ الۡعَزِیۡزِ الۡعَلِیۡمِ ○ غَافِرِ الذَّنۡۢبِ وَقَابِلِ التَّوۡبِ شَدِیۡدِ الۡعِقَابِ ۙ ذِی الطَّوۡلِ ؕ لَاۤ اِلٰہَ اِلَّا ہُوَ ؕ اِلَیۡہِ الۡمَصِیۡرُ ○ (سورۃ المومن:اتا4)

اَللّٰہُ لَاۤ اِلٰہَ اِلَّا ہُوَ ۚ اَلۡحَیُّ الۡقَیُّوۡمُ ۬ۚ لَا تَاۡخُذُہٗ سِنَۃٌ وَّلَا نَوۡمٌ ؕ لَہٗ مَا فِی السَّمٰوٰتِ وَمَا فِی الۡاَرۡضِ ؕ مَنۡ ذَا الَّذِیۡ یَشۡفَعُ عِنۡدَہٗۤ اِلَّا بِاِذۡنِہٖ ؕ یَعۡلَمُ مَا بَیۡنَ اَیۡدِیۡہِمۡ وَمَا خَلۡفَہُمۡ ۚ وَلَا یُحِیۡطُوۡنَ بِشَیۡءٍ مِّنۡ عِلۡمِہٖۤ اِلَّا بِمَا شَآءَ ۚ وَسِعَ کُرۡسِیُّہُ السَّمٰوٰتِ وَالۡاَرۡضَ ۚ وَلَا یَـُٔوۡدُہٗ حِفۡظُہُمَا ۚ وَہُوَ الۡعَلِیُّ الۡعَظِیۡمُ ○ (سورۃ البقرہ : 256)

ਫ਼ਰਮਾਇਆ ਇਹਨਾਂ ਆਇਤਾਂ ਦਾ ਅਰਥ ਇਹ ਹੈ ਕਿ ਰੱਬ ਦੇ ਨਾਂ ਨਾਲ ਜੋ ਬਹੁਤ ਰਹਿਮ ਕਰਨ ਵਾਲਾ ਅਤੇ ਬਿਨਾ ਮੰਗਿਆਂ ਦੇਣ ਵਾਲਾ ਤੇ ਵਾਰ ਵਾਰ ਰਹਿਮ ਕਰਨ ਵਾਲਾ, ਹਮੀਦ ਹੈ ਮਜੀਦ ਹੈ , ਇਸ ਕਿਤਾਬ ਦਾ ਉਤਾਰਿਆ ਜਾਣਾ ਕਾਮਲ ਗਲਬੇ ਵਾਲੇ ਤੇ ਕਾਮਲ ਗਿਆਨ ਵਾਲੇ ਰੱਬ ਵੱਲੋਂ ਹੈ ਜੋ ਪਾਪਾਂ ਨੂੰ ਬਖ਼ਸ਼ਣ ਵਾਲਾ ਅਤੇ ਤੌਬਾ (ਪਸ਼ਚਾਤਾਪ) ਨੂੰ ਪਰਵਾਨ ਕਰਨ ਵਾਲਾ, ਪਕੜ ਵਿੱਚ ਸਖ਼ਤ ਤੇ ਬਹੁਤ ਅਧਿਕ ਪ੍ਰਦਾਨ ਕਰਨ ਵਾਲਾ ਤੇ ਖੁੱਲਡੁੱਲ ਵਾਲਾ ਹੈ । ਉਸ ਤੋਂ ਬਿਨਾ ਕੋਈ ਪੂਜਨ ਯੋਗ ਨਹੀਂ ਹੈ । ਉਸੇ ਵੱਲ ਪਰਤਕੇ ਜਾਣਾ ਹੈ । ਦੂਜੀ ਆਇਤੁਲ ਕੁਰਸੀ ਹੈ ਇਸ ਦਾ ਅਰਥ ਇਹ ਹੈ ਕਿ ਅਲੱਾਹ ਤੋਂ ਬਿਨਾ ਕੋਈ ਪੂਜਨ ਯੋਗ ਨਹੀਂ, ਹਮੇਸ਼ਾਂ ਜੀਉਂਦਾ ਰਹਿਣ ਵਾਲਾ ਅਤੇ ਆਪਣੇ ਆਪ ਵਿੱਚ ਸਦਾਸਲਾਮਤ ਵੁਜੂਦ ਹੈ, ਉਸ ਨੂੰ ਨ ਤਾਂ ਊਂਘ ਆਉਂਦੀ ਹੈ ਅਤੇ ਨ ਹੀ ਨੀਂਦ ਪੈਂਦੀ ਹੈ । ਅਤੇ ਜੋ ਕੁਝ ਆਕਾਸ਼ਾਂ ਤੇ ਧਰਤੀ ਵਿੱਚ ਹੈ ਉਸੇ ਲਈ ਹੈ । ਕੌਣ ਹੈ ਜੋ ਉਸ ਦੀ ਹਜ਼ੂਰੀ ਵਿੱਚ ਸਫ਼ਾਰਸ਼ ਕਰੇ ਪਰ ਉਸ ਦੀ ਆਗਿਆ ਨਾਲ । ਉਹ ਜਾਣਦਾ ਹੈ ਜੋ ਉਹਨਾਂ ਦੇ ਸਾਹਮਣੇ ਹੈ ਅਤੇ ਜੋ ਉਹਨਾਂ ਦੇ ਪਿੱਛੇ ਹੈ ਅਤੇ ਉਹ ਉਸ ਦੇ ਗਿਆਨ ਦਾ ਕੁਝ ਵੀ ਘੇਰਾ ਨਹੀਂ ਕਰ ਸਕਦੇ ਪਰ ਜਿੰਨ੍ਹਾ ਉਹ ਚਾਹੇ । ਉਸ ਦੀ ਬਾਦਸ਼ਾਹੀ ਆਕਾਸ਼ਾਂ ਤੇ ਧਰਤੀ ਵਿੱਚ ਫ਼ੈਲੀ ਹੋਈ ਹੈ ਇਹਨਾਂ ਦੋਹਾਂ ਦੀ ਸੁਰੱਖਿਆ ਉਸ ਨੂੰ ਥਕਾਉਂਦੀ ਨਹੀਂ । ਅਤੇ ਉਹ ਬਹੁਤ ਸ਼ਾਨ ਵਾਲਾ ਤੇ ਵੱਡੀ ਵੱਡਿਆਈ ਵਾਲਾ ਹੈ । ਹਜ਼ੂਰ ਅਨਵਰ ਨੇ ਫ਼ਰਮਾਇਆ : ਇਹਨਾਂ ਆਇਤਾਂ ਵਿੱਚ ਰੱਬ ਦੀਆਂ ਕੁਝ ਸਿਫ਼ਤਾਂ (ਗੁਣਾ) ਦਾ ਵਰਨਣ ਕੀਤਾ ਗਿਆ ਹੈ ਅਤੇ ਉਸ ਦੀ

ਸ਼ਾਨ ਤੇ ਵੱਡਿਆਈ ਵਰਨਣ ਕੀਤੀ ਗਈ ਹੈ । ਇਹਨਾਂ ਅਇਤਾਂ ਦੀ ਮਹਤੱਾ ਬਾਰੇ ਹਦੀਸਾਂ ਵਿੱਚ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦਾ ਕਥਨ ਮਿਲਦਾ ਹੈ, ਹਜ਼ਰਤ ਅਬੂ ਹੁਰੈਰਾ ਰਜ਼ੀ ਅਲੱਾਹ ਅਨਹੁ ਤੋਂ ਵਿਾਇਤ ਹੈ ਕਿ ਹਜ਼ਰਤ ਮੁਹਮੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਜਿਸ ਨੇ ਸਵੇਰ ਸਮੇਂ (حمٓ سے لے کرالیہالمصیر) 'ਹਾਮੀਮ ਤੋਂ ਲੈਕੇ ਇਲੈਹਿਲ ਮਸੀਰ' ਤੱਕ ਪੜ੍ਹਿਆ ਅਤੇ ਆਇਤੁਲਕੁਰਸੀ ਵੀ ਪੜ੍ਹੀ ਤਾਂ ਇਹਨਾਂ ਦੋਹਾਂ ਆਇਤਾਂ ਰਾਹੀਂ ਸ਼ਾਮ ਤੱਕ ਸੁਰੱਖਿਆ ਕੀਤੀ ਜਾਵੇਗੀ ਅਤੇ ਜਿਸ ਨੇ ਇਹ ਦੋਵੇਂ ਸ਼ਾਮ ਸਮੇਂ ਪੜ੍ਹੀਆਂ ਤਾਂ ਇਹਨਾਂ ਰਾਹੀਂ ਸਵੇਰ ਤੱਕ ਰੱਖਿਆ ਕੀਤੀ ਜਾਵੇਗੀ ।

ਹਾਮੀਮ ਸੂਰਤ ਅਲਮੋਮਿਨ ਦੀ ਦੂਜੀ ਆਇਤ ਹੈ ਇਹ 'ਹਰੂਫ਼ੇ ਮੁਕੱਤੇਆਤ' (ਸੰਖੇਪ ਅਖੱਰ) ਹਨ । ਇਹ ਜੋ ਫ਼ਰਮਾਇਆ ਕਿ 'ਹਾ' 'ਮੀਮ' ਇਹ ਹਮੀਦ ਅਤੇ ਮਜੀਦ ਦੇ ਸ਼ਬਦ ਹਨ । ਹਮੀਦ ਦਾ ਅਰਥ ਹੈ ਉਹ ਜੋ ਵੱਡਿਆਈ ਯੋਗ ਹੈ ਅਤੇ ਹਕੀਕੀ ਵੱਡਿਆਈ ਉਸੇ ਦੀ ਹੈ ਅਰਥਾਤ ਰੱਬ ਦੀ ਜੋ ਸਾਹਿਬੇ ਵੱਡਿਆਈ ਹੈ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ 'ਹਮਦ' ਸ਼ਬਦ ਦੀ ਵਿਆਖਿਆ ਕਰਦਿਆਂ ਹੋਇਆਂ ਫ਼ਰਮਾਉਂਦੇ ਹਨ ਕਿ ਸਪਸ਼ਟ ਰਹੇ ਕਿ 'ਹਮਦ' ਉਸ ਵੱਡਿਆਈ ਨੂੰ ਕਹਿੰਦੇ ਹਨ ਜੋ ਕਿਸੇ ਸ਼ਲਾਘਾ ਯੋਗ ਕੰਮ ਦੇ ਕਰਮ ਵਿੱਚ ਕੀਤਾ ਜਾਵੇ ਭਾਵ ਅਜਿਹੇ ਪੁਰੁਸਕਾਰਤ ਦੀ ਸ਼ਲਾਘਾ ਦਾ ਨਾਂ ਹੈ ਜਿਸ ਨੇ ਆਪਣੇ ਨਿਸ਼ਚੇ ਨਾਲ ਪੁਰੁਰਸਕਾਰ ਕੀਤਾ ਅਤੇ ਆਪਣੀ ਸਮਾਰਥਾ ਅਨੁਸਾਰ ਉਪਕਾਰ ਕੀਤਾ ਹੋਵੇ । ਵਾਸਤਵ ਵਿੱਚ 'ਹਮਦ' (ਉਸਤਤੀ) ਯਥਾਯੋਗ ਕੇਵਲ ਉਸੇ ਵੁਜੂਦ ਲਈ ਅਧਿਕ੍ਰਿਤ ਹੁੰਦੀ ਹੈ ਜੋ ਸਾਰਿਆਂ ਹਿਤਾਂ ਤੇ ਨੂਰ ਦਾ ਸੋਮਾ ਹੋਵੇ ਅਤੇ ਪੂਰਨ ਖੁੱਲੀਆਂ ਅੱਖਾਂ ਨਾਲ ਕਿਸੇ ਉਪੱਰ ਉਪਕਾਰ ਕਰੇ ਨ ਗ਼ੈਰ ਸ਼ਊਰੀ ਤੌਰ'ਤੇ ਜਾਂ ਕਿਸੇ ਮਜਬੂਰੀ ਕਰਕੇ, ਅਤੇ ਫ਼ਰਮਾਇਆ ਕਿ 'ਹਮਦ' ਦੇ ਇਹ ਅਰਥ ਕੇਵਲ ਰੱਬੇ ਖ਼ਬੀਰ ਤੇ ਬਸੀਰ (ਖ਼ਬਰ ਰਖੱਣ ਵਾਲੇ ਤੇ ਖ਼ੁੱਲੀਆਂ ਅੱਖਾਂ ਨਾਲ ਦੇਖਣ ਵਾਲੇ ਰੱਬ) ਦੇ ਵੁਜੂਦ ਵਿੱਚ ਹੀ ਪਾਏ ਜਾਂਦੇ ਹਨ ਅਤੇ ਉਹੋ ਹੀ ਉਪਕਾਰ ਕਰਨ ਵਾਲਾ ਹੈ ਅਤੇ ਅਰੰਭ ਤੋਂ ਅੰਤ ਤੱਕ ਸਾਰੇ ਉਪਕਾਰ ਹੀ ਉਸ ਵੱਲੋਂ ਹਨ ਅਤੇ ਸਾਰੀਆਂ ਵੱਡਿਆਈਆਂ ਉਸੇ ਲਈ ਹੀ ਹਨ, ਇਸ ਦੁਨੀਆ ਵਿੱਚ ਵੀ ਅਤੇ ਉਸ ਦੁਨੀਆ ਵਿੱਚ ਵੀ ਅਤੇ ਹਰ 'ਹਮਦ' ਜੋ ਉਸ ਦੇ ਗ਼ੈਰਾਂ ਨਾਲ ਸੰਬੰਧਤ ਕੀਤੀ ਉਸ ਦਾ ਸੋਮਾ ਵੀ ਉਹੋ ਹੀ ਹੈ ।

ਸ਼ਬਦ 'ਹਮਦ' ਵਿੱਚ ਇਕ ਹੋਰ ਸੰਕੇਤ ਵੀ ਹੈ ਅਤੇ ਉਹ ਇਹ ਹੈ ਕਿ ਪਾਕ ਅਲੱਾਹ ਫ਼ਰਮਾਓਨੁਦਾ ਹੈ ਕਿ ਹੇ, ਮੇਰੇ ਬੰਦਿਓ ਮੇਰੇ ਗੁਣਾ ਨਾਲ ਮੈਂਨੂੰ ਸ਼ਨਾਖ਼ਤ ਕਰੋ ਅਤੇ ਮੇਰੇ ਚਮਤਕਾਰਾਂ ਰਾਹੀਂ ਮੈਂਨੂੰ ਪਛਾਣੋ । ਜਿੰਨ੍ਹਾ ਲੋਕਾਂ ਨੇ ਮੈਂਨੂੰ ਸਾਰਿਆਂ ਗੁਣਾ ਤੇ ਸਾਰਿਆਂ ਚਮਤਕਾਰਾਂ ਦਾ ਸਮੂਹ ਵਿਸ਼ਵਾਸ਼ ਕੀਤਾ ਅਤੇ ਉਹਨਾਂ ਨੇ ਜਿੱਥੇ ਜੋ ਕਮਾਲ (ਚਮਤਕਾਰ) ਦੇਖਿਆ ਅਤੇ ਆਪਣੇ ਵਿਚਾਰਾਂ ਦੀ ਅੰਤਮ ਉਡਾਣ ਤੱਕ ਜੋ ਜਲਾਲ ਵੀ ਉਹਨਾਂ ਨੂੰ ਨਜ਼ਰ ਆਇਆ ਉਹਨਾਂ ਨੇ ਉਸ ਨੂੰ ਮੇਰੇ ਵੱਲ ਮੜ੍ਹ ਦਿਤੱਾ । ਸੋ, ਅਜਿਹੇ ਲੋਕ ਹਨ ਜੋ ਮੇਰੀ ਮਆਰਫ਼ਤ ਦੇ ਮਾਰਗ ਉਪੱਰ ਚਲ ਰਹੇ ਹਨ । ਸਚੱਾਈ ਉਹਨਾਂ ਨਾਲ ਹੈ ਅਤੇ ਉਹ ਸਫ਼ਲ ਹੋਣ ਵਾਲੇ ਹਨ । ਫ਼ਰਮਾਇਆ ਕਿ ਸੋ, ਅਲੱਾਹ ਤੁਹਾਨੂੰ ਠੀਕ ਰੱਖੇ, ਉੱਠ ਜਲਾਲ ਵਾਲੇ ਰੱਬ ਦੇ ਗੁਣਾ ਦੀ ਭਾਲ ਵਿੱਚ ਲੱਗ ਜਾਓ ਅਤੇ ਵਿਦਵਾਨਾਂ ਤੇ ਚਿੰਤਨ ਕਰਨ ਵਾਲਿਆਂ ਵਾਂਗ ਇਹਨਾਂ'ਤੇ ਸੋਚ ਵਿਚਾਰ ਅਰਥਾਤ ਡੂੰਘੀ ਨਿਗਾਹ ਨਾਲ ਕੰਮ ਲਓ ਕਿਉਂਕਿ 'ਹਮਦ' ਦੇ ਗੁਣਾ ਦਾ ਗਿਆਨ ਹੋਣ ਨਾਲ ਹੀ ਬਾਕੀ ਗੁਣਾ ਦਾ ਵੀ ਗਿਆਨ ਹੁੰਦਾ ਹੈ ਜਾਂ ਹੋ ਸਕਦਾ ਹੈ । ਫ਼ਰਮਾਇਅਅ ਕਿ ਚੰਗੀ ਤਰ੍ਹਾਂ ਦੇਖ ਭਾਲ ਕਰੋ ਅਤੇ ਕਮਾਲ (ਚਮਤਕਾਰ ਜਾਂ ਨਿਸ਼ਾਨ) ਦੇ ਹਰ ਪੱਖੋਂ ਡੂੰਘੀ ਨਿਗਾਹ ਮਾਰੋ, ਇਸ ਆਲਮ ਦੇ ਅੰਦਰ ਅਤੇ ਬਾਹਰ ਇਸ ਵਿੱਚ ਇਉਂ ਭਾਲ ਕਰੋ ਜਿਵੇਂ ਇਕ ਲੋਭੀ ਵਿਅਕਤੀ ਬਹੁਤ ਮਨ ਲਾ ਕੇ ਆਪਣੀਆਂ ਇਛੱਾਵਾਂ ਦੀ ਭਾਲ ਵਿੱਚ ਲਗੱਾ ਰਹਿੰਦਾ ਹੈ । ਫ਼ਰਮਾਇਆ ਕਿ ਜੱਦ ਤੁਸੀਂ ਇਸ ਦੇ ਕਾਮਲ ਨਿਸ਼ਾਨ ਤੱਕ ਪਹੁੰਚ ਜਾਓ ਅਤੇ ਉਸ ਦੀ ਸੁਗੰਧ ਪਾ ਲਓ ਤਾਂ ਸੰਭਵਤਾ ਤੁਸੀਂ ਉਸ ਨੂੰ ਪਾ ਲਿਆ ਅਤੇ ਇਹ ਅਜਿਹਾ ਭੇਦ ਹੈ ਜੋ ਕੇਵਲ ਸੁਮਾਰਗ ਦੇ ਜਾਚਕਾਂ ਉਪੱਰ ਹੀ ਖੁਲਦਾ ਹੈ । ਸੋ, ਰੱਬ ਦੇ 'ਸਾਹਿਬੇ ਹਮਦ' ਹੋਣ ਦਾ ਇਹ ਗਿਆਨ ਹੈ ਜੋ ਸਾਨੂੰ ਹਾਸਲ ਹੋਣਾ ਚਾਹੀਦਾ ਹੈ ਤਾਂ ਜੋ ਰੱਬ ਦੀਆਂ ਬਾਕੀ ਦੀਆਂ ਸਿਫ਼ਤਾਂ ਨੂੰ ਵੀ ਅਸੀਂ ਪਛਾਣ ਸਕੀਏ ।

ਫਿਰ ਅਲੱਾਹ ਤਆਲਾ ਫ਼ਰਮਾਉਂਦਾ ਹੈ ਕਿ ਉਹ ਮਜੀਦ ਹੈ, ਸ਼ਕਤੀਸ਼ਾਲੀ ਹੈ, ਵੱਡਿਆਈ ਵਾਲਾ ਹੈ । ਇਸ ਦਾ ਇਹ ਅਰਥ ਹੈ ਕਿ ਉਹ ਬਹੁਤ ਹੀ ਸ਼ਲਾਘਾ ਯੋਗ, ਉਸਤਤੀ ਯੋਗ ਤੇ ਵੱਡੀ ਸ਼ਾਨ ਵਾਲਾ ਹੈ ਜਿਸ ਤੱਕ ਕੋਈ ਨਹੀਂ ਪਹੁੰਚ ਸਕਦਾ । ਉਹ ਜਿਸ ਦੇ ਫ਼ੈਜ਼ ਦਾ ਕੋਈ ਅੰਤ ਨਹੀਂ ਅਪਰਮ ਅਪਾਰ ਹੈ ਜੋ ਦਿੰਦਾ ਹੈ ਅਤੇ ਦਿੰਦਾ ਚਲਾ ਜਾਂਦਾ ਹੈ, ਕਦੇ ਥਕਦਾ ਨਹੀਂ । ਸੋ, ਆਇਤ

ਪੜ੍ਹਦਿਆਂ ਹੋਇਆਂ ਰੱਬ ਦੇ ਸ਼ਕਤੀਸ਼ਾਲੀ ਹੋਣ ਦੇ ਇਹ ਅਰਥ ਸਾਹਮਣੇ ਹੋਣੇ ਚਾਹੀਦੇ ਹਨ । ਪਹਿਲਾਂ 'ਹਮਦ' ਦੇ ਅਰਥ ਫਿਰ ਉਸ ਦੇ 'ਮਜੀਦ' ਹੋਣ ਦੇ ਅਰਥ ।

ਫਿਰ ਫ਼ਰਮਾਇਆ ਕਿ ਉਹ 'ਅਜ਼ੀਜ਼' ਹੈ ਅਰਥਾਤ ਉਹ ਸ਼ਕਤੀਆਂ ਦਾ ਮਾਲਕ ਹੈ, ਉਹ ਸਾਰੀਆਂ ਸ਼ਕਤੀਆਂ ਤੋਂ ਵੱਧ ਸ਼ਕਤੀਸ਼ਾਲੀ ਹੈ, ਉਹ ਹਰਾਉਣ ਯੋਗ ਨਹੀਂ, ਉਸ ਨੂੰ ਹਰਾਉਣਾ ਅਸੰਭਵ ਹੈ । ਸਾਰਾ ਸਨਮਾਨ ਉਸੇ ਦਾ ਹੈ ਉਸਦੀਆਂ ਕਦਰਾਂ ਕੀਮਤਾਂ ਦਾ ਕੋਈ ਅੰਤ ਨਹੀਂ ਹੈ ਉਹ ਹਰ ਚੀਜ਼ ਉਪੱਰ ਗ਼ਾਲਬ ਹੈ, ਉਸ ਜਿਹਾ ਕੋਈ ਹੋ ਹੀ ਨਹੀਂ ਸਕਦਾ, ਇਹ ਹੈ 'ਅਜ਼ੀਜ਼' ਦਾ ਅਰਥ ।

ਫਿਰ ਫ਼ਰਮਾਇਆ ਕਿ ਉਹ 'ਅਲੀਮ' ਹੈ ਅਰਥਾਤ ਹਰ ਚੀਜ਼ ਦਾ ਗਿਆਨ ਰਖੱਣ ਵਾਲਾ ਹੈ, ਉਸ ਚੀਜ਼ ਦਾ ਵੀ ਲੰਘ ਚੁਕਿਆ ਹੈ ਅਤੇ ਉਸ ਚੀਜ਼ ਦਾ ਵੀ ਜੋ ਭਵਿੱਖ ਵਿੱਚ ਹੋਣ ਵਾਲਾ ਹੈ, ਉਸ ਤੋਂ ਕੋਈ ਚੀਜ਼ ਲੁਕੀ ਹੋਈ ਨਹੀਂ ਹੈ, ਉਸਦਾ ਇਲਮ ਹਰ ਸ਼ੈਅ ਉਪੱਰ ਪੂਰਣਤਾ ਭਾਰੀ ਹੈ, ਸੋ ਇਹ ਹੈ ਖ਼ੁਦਾ ਜਿਸ ਨੇ ਇਹ ਕਿਤਾਬ ਉਤਾਰੀ ਹੈ ਅਰਥਾਤ 'ਕੁਰਆਨ ਕਰੀਮ' ਅਤੇ ਜਿਸ ਨੇ ਇਹ ਅੰਤਮ ਸ਼ਰੀਅਤ ਉਤਾਰੀ ਹੈ । ਉਸ ਨੇ ਹਰ ਜੁੱਗ ਦੀਆਂ ਲੋੜਾਂ ਦਾ ਗਿਆਨ ਇਸ ਵਿੱਚ ਰੱਖ ਦਿੱਤਾ ਹੈ ਅਤੇ ਹੁਣ ਹਰ ਪ੍ਰਕਾਰ ਦੀ ਸੁਰੱਖਿਆ ਅਤੇ ਗ਼ਲਬਾ ਵਾਸਤਵ ਵਿੱਚ ਇਸੇ ਉਪੱਰ ਅਮਲ ਕਰਨ ਨਾਲ ਹੋਵੇਗਾ ।

ਫਿਰ ਫ਼ਰਮਾਇਆ ਉਹ (غافر الذنب) 'ਗ਼ਾਫ਼ਿਰੁਜ਼ ਜ਼ੰਬ' ਹੈ ਅਰਥਾਤ ਗੁਨਾਹਾਂ (ਪਾਪਾਂ) ਨੂੰ ਬਖ਼ਸ਼ਣ ਵਾਲਾ ਹੈ । ਸੋ, ਉਸ ਦੇ ਅੱਗੇ ਝੁਕਦਿਆਂ ਹੋਇਆਂ ਪਾਪਾਂ ਦੀ ਬਖਸ਼ਿਸ਼ ਮੰਗਣੀ ਚਾਹੀਦੀ ਹੈ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਇਸ ਦੀ ਅਨੇਕਾਂ ਥਾਈਂ ਵਿਆਖਿਆ ਕੀਤੀ ਹੈ ਕਿ ਆਪਣੇ ਪਾਪਾਂ ਦੀ ਹਮੇਸ਼ਾ ਬਖ਼ਸ਼ਿਸ਼ ਮੰਗਦੇ ਰਹਿਣਾ ਚਾਹੀਦਾ ਹੈ । ਆਪ ਨੇ ਇਕ ਵਾਰ ਫ਼ਰਮਾਇਆ ਕਿ ਮਨੁੱਖ ਨੂੰ ਜੋ ਰੋਸ਼ਨੀ ਪ੍ਰਾਪਤ ਹੁੰਦੀ ਹੈ ਉਹ ਆਰਜ਼ੀ (ਅਸਥਾਈ) ਹੁੰਦੀ ਹੈ ਅਰਥਾਤ ਕੋਈ ਵੀ ਧਾਰਮਕ ਤੇ ਆਤਮਕ ਰੋਸ਼ਨੀ ਮਿਲਦੀ ਹੈ ਉਹ ਅਸਥਾਈ ਹੁੰਦੀ ਹੈ ਉਸ ਨੂੰ ਹਮੇਸ਼ਾ ਆਪਣੇ ਨਾਲ ਰਖੱਣ ਲਈ 'ਇਸਤਗ਼ਫ਼ਾਰ' (ਖਿਮਾ ਯਾਚਨਾ) ਦੀ ਲੋੜ ਹੁੰਦੀ ਹੈ । ਫ਼ਰਮਾਇਆ ਕਿ ਇਸਤਗ਼ਫ਼ਾਰ ਦੇ ਇਹੋ ਅਰਥ ਹੁੰਦੇ ਹਨ ਕਿ ਵਰਤਮਾਨ ਨੂਰ ਜੋ ਰੱਬ ਤੋਂ ਹਾਸਲ ਹੋਇਆ ਹੈ ਉਹ ਸੁਰੱਖਿਅਤ ਰਹੇ ਅਤੇ ਹੋਰ ਬਹੁਤਾ ਮਿਲੇ । ਇਸ ਦੀ ਪ੍ਰਾਪਤੀ ਲਈ ਪੰਜ ਵੇਲੇ ਦੀ ਨਮਾਜ਼ ਵੀ ਹੈ ਤਾਂ ਜੋ ਪ੍ਰਤੀਦਿਨ ਦਿਲ ਖੋਲਕੇ ਰੱਬ ਤੋਂ ਮੰਗ ਲਏ । ਜਿਸ ਦੀਆਂ ਅੱਖਾਂ ਖੁੱਲੀਆਂ ਹਨ ਉਹ ਜਾਣਦਾ ਹੈ ਕਿ ਨਮਾਜ ਇਕ ਮਿਅਰਾਜ (ਬੁਲੰਦ ਮਰਤਬਾ ਜਿਸ ਤੋਂ ਉਪੱਰ ਕਲਪਨਾ ਨਹੀਂ ਕੀਤੀ ਜਾ ਸਕਦੀ) ਹੈ ਅਤੇ ਉਹ ਨਮਾਜ਼ ਹੀ ਦੀ ਦਰਦ, ਗਿੜਗਿੜਾਹਟ ਤੇ ਚਿੰਤਨ ਨਾਲ ਭਰੀ ਹੋਈ ਦੁਆ ਹੈ ਜਿਸ ਰਾਹੀਂ ਇਸ ਰੋਕ ਤੋਂ ਮੁਕਤੀ ਪ੍ਰਾਪਤ ਕਰ ਸਕਦਾ ਹੈ ਅਰਥਾਤ ਰੂਹਾਨੀ (ਆਤਮਕ) ਤੇ ਭੌਤਕ (ਸ਼ਰੀਰਕ) ਹਰ ਪ੍ਰਕਾਰ ਦੇ ਰੋਗ ਲਈ ਦੁਆਵਾਂ ਦੀ ਲੋੜ ਹੈ ਅਤੇ ਦੁਆਵਾਂ ਵਿੱਚ ਇਸਤਗ਼ਫ਼ਾਰ ਦੀ ਲੋੜ ਹੈ ਅਤੇ ਨਮਾਜ਼ ਵੀ ਉਸੇ ਦਾ ਹਿਸੱਾ ਹੈ ।

ਜੱਦ ਇਹਨਾਂ ਆਇਤਾਂ ਦੇ ਪੜ੍ਹਨ ਦਾ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਇਆ ਤਾਂ ਕੇਵਲ ਪੜ੍ਹਨ ਨਾਲ ਕੁਝ ਨਹੀਂ ਹੋਵੇਗਾ ਸਗੋਂ ਕਰਮ ਰੂਪੀ ਅਵਸਥਾ ਵੀ ਠੀਕ ਕਰਨੀ ਹੋਵੇਗੀ, ਆਪਣੀ ਵੱਲ ਧਿਆਨ ਰਖੱਣਾ ਹੋਵੇਗਾ ਕਿ ਕਿਵੇਂ ਅਸੀਂ ਇਸਤਗ਼ਫ਼ਾਰ ਕਰਨਾ ਹੈ, ਕਿਵੇਂ ਅਸੀਂ ਆਪਣੀਆਂ ਨਮਾਜ਼ਾਂ ਦੀ ਸੁਰੱਖਿਆ ਕਰਨੀ ਹੈ ਤਾਂ ਜੋ ਫਿਰ ਸਾਡੀ ਸੁਰੱਖਿਆ ਵੀ ਹੋਵੇ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ : ਇਸਤਗ਼ਫ਼ਾਰ ਦੇ ਇਹੋ ਅਰਥ ਹਨ ਕਿ ਪ੍ਰਗਟ ਰੂਪ ਵਿੱਚ ਕੋਈ ਪਾਪ ਨ ਵਾਪਰੇ ਅਤੇ ਪਾਪ ਕਰਨ ਵਾਲੀ ਸ਼ਕਤੀ ਪ੍ਰਕਟ ਨ ਹੋਵੇ, ਮਨੁੱਖ ਨੂੰ ਚਾਹੀਦਾ ਹੈ ਕਿ ਹਕੀਕੀ ਤੌਰ'ਤੇ ਮਨ ਹੀ ਮਨ ਵਿੱਚ ਮੁਆਫ਼ੀ ਮੰਗਦਾ ਰਹੇ ਕਿ ਉਹ ਪਾਪ ਤੇ ਜੁਰਮ ਜੋ ਮੈਥੋਂ ਵਾਪਰ ਚੁਕੇ ਹਨ ਉਹਨਾਂ ਦਾ ਦੰਡ ਨ ਭੁਗਤਣਾ ਪਏ ਉਹ ਅਤੇ ਭਵਿੱਖ ਵਿੱਚ ਮਨ ਹੀ ਮਨ ਵਿੱਚ ਹਰ ਸਮੇਂ ਰੱਬ ਤੋਂ ਮਦਦ ਮੰਗਦਾ ਰਹੇ ਕਿ ਭਵਿੱਖ ਵਿੱਚ ਨੇਕ ਕੰਮ ਕਰਨ ਦੀ ਤੌਫ਼ੀਕ ਦੇਵੇ ਅਤੇ ਪਾਪ ਤੋਂ ਬਚਾਏ । ਮਨ ਵਿੱਚ ਜੋਸ਼ ਪੈਦਾ ਹੋਣਾ ਚਾਹੀਦਾ ਹੈ । ਰੱਬ ਤੱਕ ਉਹੋ ਗੱਲ ਪਹੁੰਚਦੀ ਹੈ ਜੋ ਮਨ ਵਿੱਚੋਂ ਨਿਕਲਦੀ ਹੈ ਆਪਣੀ ਜ਼ੁਬਾਨ (ਭਾਸ਼ਾ) ਵਿੱਚ ਹੀ ਰੱਬ ਤੋਂ ਬਹੁਤ ਦੁਆਵਾਂ ਮੰਗਣੀਆਂ ਚਾਹੀਦੀਆਂ ਹਨ ਇਸ ਨਾਲ ਮਨ'ਤੇ ਵੀ ਪ੍ਰਭਾਵ ਹੁੰਦਾ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਸੋ, ਇਸਤਗ਼ਫ਼ਾਰ ਕਰਨ ਅਤੇ ਉਸ ਦੀ ਅੰਤ੍ਰੀਵ ਨੂੰ ਸਮਝਣ ਦਾ ਗਿਆਨ ਪੈਦਾ ਕਰਨ ਦੀ ਲੋੜ ਹੈ । ਸਿਮਰਣ ਤੇ ਦੁਆਵਾਂ ਉਸ ਸਮੇਂ ਕੰਮ ਆਉਂਦੀਆਂ ਹਨ ਜੱਦ ਨਾਲ ਨਾਲ ਕਰਮ ਰੂਪੀ ਅਵਸਥਾ ਵਿੱਚ ਵੀ ਬਿਹਤਰੀ

ਕਰਨ ਦਾ ਜਤਨ ਹੋਵੇ । ਲੋਕ ਕਹਿੰਦੇ ਹਨ ਕੋਈ ਛੋਟੀ ਜਿਹੀ ਦੁਆ ਦੱਸੋ, ਅਸੀਂ ਪੜ੍ਹਦੇ ਰਹੀਏ । ਛੋਟੀ ਜਿਹੀ ਦੁਆ ਵੀ ਤੱਦ ਹੀ ਲਾਭ ਦਿੰਦੀ ਹੈ ਜੱਦ ਫ਼ਰਜ਼ ਪੂਰੇ ਹੋ ਰਹੇ ਹੋਣ । ਨਮਾਜ਼ਾਂ ਵੀ ਸਮੇਂ ਸਿਰ ਪਾਬੰਦੀ ਨਾਲ ਪੜ੍ਹੀਆਂ ਜਾ ਰਹੀਆਂ ਹੋਣ ਅਤੇ ਸ਼ੌਕ ਨਾਲ ਪੜ੍ਹੀਆਂ ਜਾ ਰਹੀਆਂ ਹੋਣ ਤਾਂ ਫਿਰ ਹੀ 'ਜ਼ਿਕਰ' (ਸਿਮਰਣ) ਕੰਮ ਆਏਗਾ ।

ਫਿਰ ਰੱਬ ਦੀ ਸਿਫ਼ਤ 'ਕਾਬਿਲਿਤ ਤੌਬ' (ਤੌਬਾ, ਪਸ਼ਚਾਤਾਪ ਨੂੰ ਪਰਵਾਨ ਕਰਨ ਵਾਲਾ) ਹੈ ਕਿ ਉਹ ਤੌਬਾ ਨੂੰ ਕੁਬੂਲ ਕਰਨ ਵਾਲਾ ਹੈ । ਤੌਬਾ ਦੇ ਅਰਥ ਹਨ ਆਪਣੇ ਪਾਪਾਂ ਦੀ ਮੁਆਫ਼ੀ ਮੰਗਦਿਆਂ ਹੋਇਆਂ ਰੱਬ ਵੱਲ ਪਰਤਨਾ । ਸੋ, ਜੱਦ ਮਨੁੱਖ ਇਸ ਪ੍ਰਣ ਨਾਲ ਰੱਬ ਦੀ ਹਜ਼ੂਰੀ ਵਿੱਚ ਹਾਜ਼ਰ ਹੋਵੇ ਕਿ ਮੈਂ ਭਵਿੱਖ ਵਿੱਚ ਪਾਪ ਨਹੀਂ ਕਰਾਂਗਾ ਅਤੇ ਹਮੇਸ਼ਾਂ ਪਾਪਾਂ ਤੋਂ ਬਚਣ ਦਾ ਜਤਨ ਕਰਦਾ ਰਹਾਂਗਾ ਤਾਂ ਰੱਬ ਇਸ ਭਾਵਨਾ ਅਤੇ ਨਿਸ਼ਚੇ ਨੂੰ ਆਪਣੇ ਵੱਲ ਆਉਣ ਵਾਲੇ ਦੀ ਤੌਬਾ ਨੂੰ ਕੁਬੂਲ ਕਰਦਾ ਹੈ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ : ਉਹ ਦਿਨ ਕਿਹੜਾ ਦਿਨ ਹੈ ਜੋ ਜੁਮਏ ਤੇ ਈਦ ਤੋਂ ਵੀ ਬਿਹਤਰ ਅਤੇ ਮੁਬਾਰਕ ਦਿਨ ਹੈ ? ਮੈਂ ਤੁਹਾਨੂੰ ਦਸੱਦਾ ਹਾਂ ਕਿ ਉਹ ਦਿਨ ਮਨੁੱਖ ਦੀ ਤੌਬਾ ਦਾ ਦਿਨ ਹੈ ਜੋ ਉਹਨਾਂ ਸਾਰਿਆਂ ਤੋਂ ਬਿਹਤਰ ਹੈ ਅਤੇ ਹਰ ਈਦ ਤੋਂ ਵਧੱਕੇ ਹੈ, ਕਿਉਂ ? ਇਸ ਲਈ ਕਿ ਉਹ ਕੁਕਰਮਾ ਦਾ ਆਮਾਲ ਨਾਮਾ ਜੋ ਮਨੁੱਖ ਨੂੰ ਨਰਕ ਦੇ ਨੇੜੇ ਕਰਦਾ ਜਾਂਦਾ ਹੈ ਅਤੇ ਅੰਦਰ ਹੀ ਅੰਦਰ ਇਲਾਹੀ ਪ੍ਰਕੋਪ ਹੇਠ ਉਸ ਨੂੰ ਲਿਆ ਰਿਹਾ ਸੀ ਧੋ ਦਿਤੱਾ ਜਾਂਦਾ ਹੈ ਅਤੇ ਉਸ ਦੇ ਪਾਪ ਮੁਆਫ਼ ਕਰ ਦਿੱਤੇ ਜਾਂਦੇ ਹਨ । ਜਿਵੇਂ ਕਿ ਅਲੱਾਹ ਤਆਲਾ ਨੇ ਫ਼ਰਮਾਇਆ : (- اِنَّ اللّٰہَ یُحِبُّ التَّوَّابِیۡنَ وَیُحِبُّ الۡمُتَطَہِّرِیۡنَ) 'ਇਨੱਲੱਾਹਾ ਯੁਹਿਬੁੱਤ ਤਵੱਾਬੀਨਾ ਵ ਯੁਹਿਬੁੱਲ ਮੁਤਾ-ਤੱਹਿਰੀਨ' ।

ਬੇਸ਼ਕ ਅਲੱਾਹ ਤਆਲਾ ਤੌਬਾ ਕਰਨ ਵਾਲਿਆਂ ਨੂੰ ਮਿਤੱਰ ਬਣਾਉਂਦਾ ਹੈ ਅਤੇ ਉਹਨਾਂ ਲੋਕਾਂ ਨੂੰ ਜੋ ਪਵਿਤੱਰਤਾ ਦੇ ਚਾਹਵਾਨ ਹਨ ਪਿਆਰ ਕਰਦਾ ਹੈ । ਇਸ ਆਇਤ ਵਿੱਚ ਨ ਕੇਵਲ ਇਹ ਪਾਇਆ ਜਾਂਦਾ ਹੈ ਕਿ ਰੱਬ ਤੌਬਾ ਕੁਬੂਲ ਕਰਨ ਵਾਲਿਆਂ ਨੂੰ ਆਪਣਾ ਪਿਆਰਾ ਬਣਾਉਂਦਾ ਹੈ ਸਗੋਂ ਇਹ ਵੀ ਪਤਾ ਲਗੱਦਾ ਹੈ ਕਿ ਹਕੀਕੀ ਤੌਬਾ ਦੇ ਨਾਲ ਹਕੀਕੀ ਪਵਿਤੱਰਤਾ ਅਤੇ ਪਾਕ ਹੋਣਾ ਸ਼ਰਤ ਹੈ । ਹਰ ਪ੍ਰਕਾਰ ਦੀ ਮਲੀਨਤਾ ਤੇ ਗੰਦਗੀ ਤੋਂ ਅੱਡ ਹੋਣਾ ਜ਼ਰੂਰੀ ਸ਼ਰਤ ਹੈ ਵਰਨਾ ਨਿਰੀ ਤੌਬਾ ਅਤੇ ਸ਼ਬਦਾਂ ਦੇ ਉਚੱਾਰਣ ਦਾ ਕੋਈ ਲਾਭ ਨਹੀਂ ਹੈ । ਸੋ, ਜਿਹੜਾ ਦਿਨ ਅਜਿਹਾ ਮੁਬਾਰਕ ਦਿਨ ਹੋਵੇ ਕਿ ਮਨੁੱਖ ਆਪਣੀ ਭੈੜੀਆਂ ਕਰਤੂਤਾਂ ਤੋਂ ਤੌਬਾ ਕਰਕੇ ਰੱਬ ਨਾਲ ਸਚੱਾ ਪ੍ਰਣ ਕਰ ਲਏ ਅਤੇ ਉਸ ਦੇ ਆਦੇਸ਼ਾਂ ਲਈ ਆਪਣਾ ਸਿਰ ਨਿਵਾਂ ਦੇਵੇ ਤਾਂ ਕੀ ਸੰਦੇਹ ਹੈ ਕਿ ਉਹ ਇਸ ਕਸ਼ਟ ਤੋਂ ਜੋ ਗੁਪਤ ਰੂਪ ਵਿੱਚ ਉਸ ਦੇ ਕੁਕਰਮਾ ਦੇ ਫ਼ਲਸਵਰੂਪ ਤਿਆਰ ਹੋ ਰਿਹਾ ਸੀ ਬਚਾਇਆ ਜਾਏਗਾ ਅਤੇ ਇਸ ਪ੍ਰਕਾਰ ਉਹ, ਉਹ ਚੀਜ਼ ਪਾ ਲੈਂਦਾ ਹੈ ਜਿਸ ਦੀ ਉਸ ਨੂੰ ਆਸ਼ਾ ਤੇ ਉਮੀਦ ਹੀ ਨਹੀਂ ਸੀ ।

ਅਲੱਾਹ ਤਆਲਾ ਬਹੁਤ ਰਹੀਮ ਤੇ ਕਰੀਮ ਹੈ ਮਨੁੱਖ ਵਾਂਗ ਸ਼ਖਤ ਦਿਲ ਨਹੀਂ ਜੋ ਇਕ ਪਾਪ ਦੇ ਬਦਲੇ ਕਈ ਨਸਲਾਂ (ਪੀੜ੍ਹੀਆਂ) ਤੱਕ ਪਿਛੱਾ ਨਹੀਂ ਓਡੱਦਾ ਅਤੇ ਤਬਾਹ ਕਰਨਾ ਚਾਹੁੰਦਾ ਹੈ, ਪਰ ਉਹ ਰਹੀਮ ਕਰੀਮ ਰੱਬ ਸੱਤਰ ਵਰ੍ਹਿਆਂ ਦੇ ਪਾਪਾਂ ਨੂੰ ਇਕ ਕਲਿਮਾ ਨਾਲ ਇਕ ਪਲ ਵਿੱਚ ਬਖ਼ਸ਼ ਦਿੰਦਾ ਹੈ । ਫਿਰ ਫ਼ਰਮਾਇਆ ਉਹ (ذی الطول) 'ਜ਼ਿੱਤੌਲ' ਹੈ ਅਰਥਾਤ ਬਹੁਤ ਦੇਣ ਵਾਲਾ ਹੈ ਉਹ ਲਾਭ ਪਹੁੰਚਾਉਣ ਦੀ ਅਤਿ ਕਰ ਦਿੰਦਾ ਹੈ, ਉਸ ਦਾ ਜੋ ਦੇਣਾ ਹੈ ਉਸਦੀ ਕੋਈ ਸੀਮਾ ਨਹੀਂ ਹੈ । ਕਿਉਂਕਿ ਉਸ ਦੇ ਕੋਲ ਸ਼ਕਤੀ ਹੈ ਉਹ ਸਭ ਕੁਝ ਦੇ ਸਕਦਾ ਹੈ, ਉਸ ਦੇ ਖ਼ਜ਼ਾਨੇ ਅਸੀਮਤ ਹਨ । ਰੱਬ ਫ਼ਰਮਾਉਂਦਾ ਹੈ ਕਿ ਮੇਰੀਆਂ ਇਹਨਾਂ ਸਿਫ਼ਤਾਂ ਨੂੰ ਚੇਤੇ ਰੱਖੋ ਤੇ ਹਮੇਸ਼ਾਂ ਹੀ ਤੁਸੀਂ ਫ਼ੈਜ਼ ਪਾਉਂਦੇ ਰਹੋਗੇ । ਉਸ ਤੋਂ ਬਿਨਾ ਹੋਰ ਕੋਈ ਨਹੀਂ ਹੈ ਜੋ ਐਨ੍ਹੀਂ ਸ਼ਕਤੀ ਰਖੱਦਾ ਹੋਵੇ ਅਤੇ ਅਸੀਂ ਇਸ ਸੰਸਾਰ ਵਿੱਚ ਅਤੇ ਮਰਨ ਦੇ ਬਾਦ ਵੀ ਉਸੇ ਵੱਲ ਪਰਤਨਾ ਹੈ । ਸੋ, ਜੱਦ ਇਹ ਅਹਿਸਾਸ ਰਹੇਗਾ ਕਿ ਅਖ਼ੀਰ ਪਰਤਨਾ ਰੱਬ ਵੱਲ ਹੀ ਹੈ ਤਾਂ ਫਿਰ ਨੇਕੀਆਂ ਕਰਨ ਅਤੇ ਉਸ ਦੇ ਆਦੇਸ਼ਾਂ ਉਪੱਰ ਚਲੱਣ ਵੱਲ ਧਿਆਨ ਰਹੇਗਾ ਅਤੇ ਜੱਦ ਇਹ ਅਵਸਥਾ ਹੋਵੇ ਫਿਰ ਨਿਸ਼ਚੇ ਹੀ ਰੱਬ ਸੁਰੱਖਿਆ ਕਰਦਾ ਹੈ ।

'ਫ਼ਿਰ ਆਇਤੁਲ ਕੁਰਸੀ' ਹੈ । ਇਸ ਬਾਰੇ ਹਜ਼ਰਤ ਅਬੂ ਹੁਰੈਰਾ ਰਜ਼ੀ ਅਲੱਾਹ ਅਨਹੁ ਤੋਂ ਰਿਵਾਇਤ ਹੈ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਹਰ ਚੀਜ਼ ਦਾ ਇਕ 'ਕੋਹਾਨ' (ਉਚੱਾ ਢੇਰ) ਹੁੰਦਾ ਹੈ ਅਤੇ ਕੁਰਆਨ ਕਰੀਮ ਦਾ ਕੋਹਾਨ ਸੂਰਤ ਬਕਰਾਹ ਹੈ ਅਤੇ ਇਸ ਵਿੱਚ ਇਕ ਅਜਿਹੀ ਆਇਤ ਹੈ ਜੋ ਕੁਰਆਨ ਕਰੀਮ ਦੀਆਂ ਸਾਰੀਆਂ ਆਇਤਾਂ ਦੀ ਸਰਦਾਰ

ਹੈ ਅਤੇ ਉਹ ‘ਆਇਤੁਲ ਕੁਰਸੀ’ ਹੈ । ਇਸ ਦੀ ਵਿਆਖਿਆ ਵਿੱਚ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ (اَللّٰہُ لَآ اِلٰہَ اِلَّا ھُوَ اَلْحَیُّ الْقَیُّوْمُ) ‘ਅਲੱਾਹੁ ਲਾ ਇਲਾਹਾ ਇਲੱਾ ਹੁਵਲ ਹਯੁੱਲ ਕਯੁੱਮ’ ਅਰਥਾਤ ਉਹੋ ਰੱਬ ਹੈ ਉਸ ਤੋਂ ਬਿਨਾ ਹੋਰ ਕੋਈ ਨਹੀਂ, ਉਹੋ ਹੀ ਹਰ ਇਕ ਦੀ ਜਾਨ ਦੀ ਜਾਨ ਹੈ ਅਤੇ ਹਰ ਇਕ ਵਜੂਦ ਦਾ ਸਹਾਰਾ ਹੈ । ਇਸ ਆਇਤ ਦੇ ਸ਼ਾਬਦਕ ਅਰਥ ਇਹ ਹੈ ਕਿ ਜੀਉਂਦਾ ਉਹੋ ਰੱਬ ਹੈ ਅਤੇ ‘ਕਾਇਮ ਬਿਜ਼ੱਾਤ’ (ਆਪਣੇ ਆਪ ਸਦਾ ਸਲਾਮਤ) ਉਹੋ ਰੱਬ ਹੈ । ਸੋ, ਜਦੱ ਕਿ ਉਹੋ ਇਕ ਜੀਉਂਦਾ ਰੱਬ ਹੈ ਤੇ ਆਪਣੇ ਆਪ ਕਾਇਮ ਹੈ ਤਾਂ ਇਸ ਤੋਂ ਪ੍ਰਕਟ ਹੈ ਕਿ ਹਰ ਇਕ ਵਿਅਕਤੀ ਜੋ ਉਸ ਬਿਨਾ ਜੀਉਂਦਾ ਦਿਖਾਈ ਦਿੰਦਾ ਹੈ ਉਹ ਉਸੇ ਦੇ ਜੀਵਨ ਤੋਂ ਜੀਉਂਦਾ ਹੈ ਅਤੇ ਹਰ ਇਕ ਜੋ ਧਰਤੀ ਜਾਂ ਆਕਾਸ਼ ਵਿੱਚ ਸਥਾਪਤ ਹੈ ਉਹ ਉਸੇ ਦੇ ਵੁਜੂਦ ਨਾਲ ਕਾਇਮ ਹੈ ਫਿਰ ਹੋਰ ਵਧੇਰੇ ਵਿਆਖਿਆ ਕਰਦਿਆਂ ਹੋਇਆਂ ਆਪ ਨੇ ਫ਼ਰਮਾਇਆ ਕਿ ਜਾਨਣਾ ਚਾਹੀਦਾ ਹੈ ਕਿ ਕੁਰਆਨ ਕਰੀਮ ਨੇ ਰੱਬ ਦੇ ਦੋ ਨਾਂ ਪੇਸ਼ ਕੀਤੇ ਹਨ, ( الحی اور القیوم) ‘ਅਲ ਹੱਯੁ’ ਅਤੇ ‘ਅਲ ਕਯੁੱਮ’ ਅਲ ਹਯੁੱ ਦੇ ਅਰਥ ਹਨ ਰੱਬ ਜੀਉਂਦਾ ਹੈ ਅਤੇ ਦੂਜਿਆਂ ਨੂੰ ਜੀਵਨ ਪ੍ਰਦਾਨ ਕਰਦਾ ਹੈ । ‘ਅਲਕਯੁੱਮ’ ਦੇ ਅਰਥ ਆਪਣੇ ਆਪ ਕਾਇਮ ਹੈ ਅਤੇ ਦੂਜਿਆਂ ਨੂੰ ਕਾਇਮ ਕਰਨ ਦਾ ਅਸਲੀ ਸਬਬ ਹੈ । ਹਰ ਇਕ ਚੀਜ਼ ਦਾ ਜ਼ਾਹਿਰੀ ਤੇ ਆਂਤਰਕ ਸਥਾਪਨ ਤੇ ਜੀਵਨ ਇਹਨਾ ਦੋਹਾਂ ਸਿਫ਼ਤਾਂ ਦੇ ਤੁਫ਼ੈਲ ਨਾਲ ਹੈ। ਸੋ, ‘ਹੱਯੁ’ ਦਾ ਸ਼ਬਦ ਚਾਹੁੰਦਾ ਹੈ ਕਿ ਉਸ ਦੀ ਇਬਾਦਤ ਕੀਤੀ ਜਾਵੇ, ਇਸ ਦੀ ਉਧਾਰਣ ਸੂਰਤ ਫ਼ਾਤਿਹਾ ਵਿੱਚ ‘ਇਯੱਾਕਾ ਨਾਅਬੁਦੁ’ ਹੈ ਅਤੇ ਅਲਕਯੁੱਮ ਚਾਹੁੰਦਾ ਹੈ ਕਿ ਉਸ ਤੋਂ ਆਸਰਾ ਮੰਗਿਆ ਜਾਏ । ਇਸ ਨੂੰ ‘ਇਯਾਕਾ ਨਸਤਾਈਨ’ ਦੇ ਸ਼ਬਦਾਂ ਨਾਲ ਦਰਸ਼ਾਇਆ ਗਿਆ ਹੈ ।

ਫਿਰ ਆਇਤੁਲ ਕੁਰਸੀ ਵਿੱਚ ‘ਸ਼ਫ਼ਾਅਤ’ (ਸਫ਼ਾਰਸ਼) ਦਾ ਵਿਸ਼ਾ ਵਰਨਣ ਕੀਤਾ ਗਿਆ ਹੈ । ਇਸ ਨੂੰ ਵਰਨਣ ਕਰਦਿਆਂ ਹੋਇਆਂ ਆਪ ਨੇ ਇਹ ਨੁਕਤਾ ਵਰਨਣ ਕੀਤਾ ਕਿ ਹਰ ਮਨੁੱਖ ਦੂਜੇ ਲਈ ਜੱਦ ਦੁਆ ਕਰਦਾ ਹੈ ਤਾਂ ਇਹ ਵੀ ਇਕ ਪ੍ਰਾਕਾਰ ਦੀ ਸਫ਼ਾਰਸ਼ ਹੈ ਅਤੇ ਇਹ ਮੋਮਿਨ ਦੀ ਸਿਫ਼ਤ ਹੋਣੀ ਚਾਹੀਦੀ ਹੈ ਜੋ ਉਹ ਹਪੇਸ਼ਾ ਕਰਦਾ ਰਹੇ । ਕੁਰਆਨ ਸ਼ਰੀਫ਼ ਦਾ ਆਦੇਸ਼ ਹੈ ਕਿ ਜੋ ਵਿਅਕਤੀ ਰੱਬ ਦੀ ਹਜ਼ੂਰੀ ਵਿੱਚ ਬਹੁਤਾ ਝੁਕਿਆ ਹੋਇਆ ਹੈ ਉਹ ਆਪਣੇ ਕਮਜ਼ੋਰ ਭਾਈ ਲਈ ਦੁਆ ਕਰੇ ਕਿ ਉਸ ਨੂੰ ਉਹ ਮਰਤਬਾ ਹਾਸਲ ਹੋਵੇ । ਇਹੋ ਵਾਸਤਵ ਵਿੱਚ ਸਫ਼ਾਰਸ਼ ਹੈ, ਸੋ, ਅਸੀਂ ਆਪਣੇ ਭਰਾਵਾਂ ਲਈ ਬੇਸ਼ਕ ਦੁਆਵਾਂ ਕਰਦੇ ਹਾਂ ਕਿ ਰੱਬ ਉਹਨਾਂ ਨੂੰ ਸ਼ਕਤੀ ਦੇਵੇ ਅਤੇ ਉਹਨਾਂ ਦੀਆਂ ਬਲਾਵਾਂ ਦੂਰ ਕਰੇ ਅਤੇ ਇਕ ਹਮਦਰਦੀ ਦੀ ਕਿਸਮ ਹੈ । ਫਿਰ ਆਪ ਨੇ ਫ਼ਰਮਾਇਆ ਕਿ ਕਿਉਂਕਿ ਸਾਰੇ ਮਨੁੱਖ ਇਕ ਸ਼ਰੀਰ ਵਾਂਗ ਹਨ, ਇਸ ਲਈ ਰੱਬ ਨੇ ਸਾਨੂੰ ਵਾਰ ਵਾਰ ਸਿਖਾਇਆ ਹੈ ਕਿ ਬੇਸ਼ਕ ਸਫ਼ਾਰਸ਼ ਕੁਬੂਲ ਕਰਨਾ ਉਸ ਦਾ ਕੰਮ ਹੈ ਪਰ ਤੁਸੀਂ ਆਪਣੇ ਭਰਾਵਾਂ ਦੀ ਸਫ਼ਾਰਸ ਵਿੱਚ ਅਰਥਾਤ ਉਹਨਾਂ ਲਈ ਦੁਆ ਕਰਨ ਕਰਨ ਵਿੱਚ ਲੱਗੇ ਰਹਿਣਾ ਹੈ ਅਤੇ ਸਫ਼ਾਰਸ਼ ਤੋਂ ਅਰਥਾਤ ਹਮਦਰਦੀ ਦੀ ਦੁਆ ਤੋਂ ਕਦੇ ਵੀ ਨ ਰੁਕੋ ਕਿ ਤੁਹਾਡਾ ਇਕ ਦੂਜੇ ਉਪੱਰ ਹੱਕ ਹੈ । ਅਤਿਅੰਤ ਹਮਦਰਦੀ ਹੋਣੀ ਚਾਹੀਦੀ ਹੈ ਇਕ ਦੂਜੇ ਲਈ । ਸਗੋਂ ਫ਼ਰਮਾਇਆ ਕਿ ਧਰਮ ਦੇ ਦੋ ਹੀ ਕਾਮਲ ਹਿੱਸੇ ਹਨ ਇਕ ਰੱਬ ਨਾਲ ਪ੍ਰੇਮ ਕਰਨਾ ਅਤੇ ਇਕ ਉਸ ਦੀ ਮਖ਼ਲੂਕ ਨਾਲ ਏਥੋਂ ਤੱਕ ਪ੍ਰੇਮ ਕਰਨਾ ਕਿ ਉਸ ਦੇ ਕਸ਼ਟ ਨੂੰ ਆਪਣਾ ਕਸ਼ਟ ਸਮਝਣ ਲੈਂਣਾ ਅਤੇ ਉਹਨਾਂ ਲਈ ਦੁਆ ਕਰਨਾ ਜਿਸ ਨੂੰ ਦੂਜੇ ਸ਼ਬਦਾਂ ਵਿੱਚ ‘ਸ਼ਫ਼ਾਅਤ’ (ਸਫ਼ਾਰਸ਼ ਕਰਨਾ) ਕਹਿੰਦੇ ਹਨ । ਇਹ ਇਕ ਨੁਕਤਾ ਹੈ ਜਿਸਨੂੰ ‘ਆਇਤੁਲਕੁਰਸੀ’ ਪੜ੍ਹਦੇ ਸਮੇਂ ਆਪਣੇ ਸਾਹਮਣੇ ਰਖੱਣ ਤਾਂ ਮਾਨਵਤਾ ਲਈ ਹਮਦਰਦੀ ਦੀਆਂ ਭਾਵਨਾਵਾਂ ਵਧੱਣਗੀਆਂ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਜੱਦ ਇਹ ਸਾਨੂੰ ਪੜ੍ਹਨ ਦੀ ਤਲਕੀਨ ਕੀਤੀ ਤਾਂ ਇਸ ਵਿੱਚ ਇਮਾਨ ਲਿਆਉਣ ਵਾਲਿਆਂ ਦੇ ਆਪਸੀ ਹਮਰਦੀ ਦੇ ਸੰਬੰਧਾਂ ਨੂੰ ਕਾਇਮ ਕਰਨ ਲਈ ਵਿਸ਼ੇਸ਼ ਰੂਪ ਵਿੱਚ ਨਿਰਦੇਸ਼ ਹੈ ਅਤੇ ਮਾਨਵਤਾ ਲਈ ਸਾਧਾਰਣ ਤੌਰ’ਤੇ ਧਿਆਨ ਦੁਆਇਆ ਕਿ ਹਰ ਇਕ ਲਈ ਹਮਦਰਦੀ ਦੀ ਭਾਵਨਾ ਤੁਹਾਡੇ ਦਿਲ ਵਿੱਚ ਹੋਣੀ ਚਾਹੀਦੀ ਹੈ ।

ਅਸਲ ਵਿੱਚ ‘ਸ਼ਫ਼ਾਅਤ’ ਦਾ ਸ਼ਬਦ ‘ਸ਼ੁਫ਼ਅਹ’ ਤੋਂ ਲਿਆ ਗਿਆ ਹੈ ਅਤੇ ‘ਸ਼ੁਫ਼ਅਹ’ ‘ਜੁਫ਼ਤ’ (ਜੋੜੇ) ਨੂੰ ਕਹਿੰਦੇ ਹਨ । ਸੋ, ਮਨੁੱਖ ਨੂੰ ਉਸ ਸੇਂ ‘ਸ਼ਫ਼ੀਅ’ ਕਿਹਾ ਜਾਂਦਾ ਹੈ ਜਦੱ ਉਹ ਪੂਰੀ ਹਮਦਰਦੀ ਨਾਲ ਦੂਜੇ ਦਾ ‘ਜੁਫ਼ਤ’ (ਜੋੜਾ) ਹੋਕੇ ਉਸ ਵਿੱਚ ਫ਼ਨਾ ਹੋ ਜਾਂਦਾ ਹੈ ਅਤੇ ਦੂਜਿਆਂ ਲਈ ਅਜਿਹੀ ਖ਼ੈਰ ਮੰਗਦਾ ਹੈ ਜਿਵੇਂ ਕਿ ਆਪਣੇ ਆਪ ਲਈ ਅਤੇ ਚੇਤੇ ਰਹੇ ਕਿ ਕਿਸੇ

ਵਿਅਕਤੀ ਦਾ ਧਰਮ ਕਾਮਲ ਨਹੀਂ ਹੋ ਸਕਦਾ ਜੱਦ ਤੱਕ ਸ਼ਫ਼ਾਰਸ਼ ਦੇ ਰੂਪ ਵਿੱਚ ਹਮਦਰਦੀ ਉਸ ਵਿੱਚ ਪੈਦਾ ਨ ਹੋਵੇ । ਆਖ਼ਰਤ ਦਾ ਸ਼ਫ਼ਾਰਸ਼ੀ ਉਹ ਸਿੱਧ ਹੋ ਸਕਦਾ ਹੈ ਜਿਸ ਨੇ ਦੁਨੀਆ ਵਿੱਚ ਕੋਈ 'ਸ਼ਫ਼ਾਅਤ' ਦਾ ਨਮੂਨਾ ਦਿਖਾਇਆ ਹੋਵੇ । ਜੱਦ ਅਸੀਂ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਉਪੱਰ ਨਜ਼ਰ ਪਾਉਂਦੇ ਹਾਂ ਤਾਂ ਆਪ ਦਾ ਸ਼ਫ਼ਾਰਸ਼ੀ ਹੋਣਾ ਆਦਿ ਤੋਂ ਮਲੂਮ ਹੁੰਦਾ ਹੈ ਕਿਉਂਕਿ ਆਪ ਦੀ ਸ਼ਫ਼ਾਰਸ਼ ਦਾ ਹੀ ਪ੍ਰਭਾਵ ਸੀ ਕਿ ਆਪ ਨੇ ਗ਼ਰੀਬ ਸਹਾਬਾ ਨੂੰ ਤਖ਼ਤ ਉਪੱਰ ਬਿਠਾ ਦਿਤੱਾ ਅਤੇ ਆਪ ਦੀ ਸ਼ਫ਼ਾਰਸ਼ ਦਾ ਹੀ ਪ੍ਰਭਾਵ ਸੀ ਕਿ ਉਹ ਲੋਕ ਅਜਿਹੇ ਇਕ ਹੋ ਗਏ ਜਿਸ ਦੀ ਉਧਾਰਣ ਕਿਸੇ ਯੁੱਗ ਵਿੱਚ ਵੀ ਨਹੀਂ ਮਿਲਦੀ ਅਤੇ ਫਿਰ ਆਪ ਦੀ ਸ਼ਫ਼ਾਰਸ਼ ਦਾ ਹੀ ਪ੍ਰਭਾਵ ਹੈ ਕਿ ਹੁਣ ਤੱਕ ਆਪ ਦੀ ਪੈਰ੍ਹਵੀ ਕਰਨ ਵਾਲੇ ਰੱਬ ਦਾ ਸਚੱਾ ਇਲਹਾਮ ਪਾਉਂਦੇ ਹਨ ।

ਫਿਰ ਆਇਤੁਲਕੁਰਸੀ ਦੇ ਅਖੀਰ ਵਿੱਚ ਰੱਬ ਦੀਆਂ ਜੋ ਦੋ ਸਿਫ਼ਤਾਂ ਵਰਨਣ ਕੀਤੀਆਂ ਗਈਆਂ ਹਨ, ਅਰਥਾਤ 'ਅਲੀੱਯੁਨ' ਅਤਿਅੰਤ ਬੁਲੰਦ ਸ਼ਾਨ ਵਾਲਾ ਅਤੇ ਉਸ ਤੋਂ ਬੁਲੰਦ ਸ਼ਾਨ ਕਿਸੇ ਦੀ ਨਹੀਂ ਹੈ, ਉਹੋ ਹੀ ਧਰਤੀ ਆਕਾਸ਼ ਦਾ ਮਾਲਕ ਹੈ ਅਤੇ ਉਹ ਮਹਾਨ ਹੈ । ਉਸ ਦੀ ਵੱਡਿਆਈ ਅਤੇ ਬੁਲੰਦ ਸ਼ਾਨ ਦਾ ਉਹ ਸਥਾਨ ਹੈ ਜਿਸ ਤੱਕ ਕੋਈ ਨਹੀਂ ਪਹੁੰਚ ਸਕਦਾ । ਉਸ ਦੀ ਬੁਲੰਦ ਸ਼ਾਨ ਹਰ ਚੀਜ਼ ਨੂੰ ਆਪਣੇ ਘੇਰੇ ਲਏ ਹੋਏ ਹੈ ਕੋਈ ਚੀਜ਼ ਉਸ ਦੇ ਘੇਰੇ ਤੋਂ ਬਾਹਰ ਨਹੀਂ ਹੈ । ਇਸ ਆਇਤ ਦੇ ਅਖੀਰੀ ਭਾਗ ਦੀ ਵਿਆਖਿਆ ਕਰਦਿਆਂ ਹੋਇਆਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਰੱਬ ਦੀ ਕੁਰਸੀ ਬਾਰੇ ਇਹ ਆਇਤ ਹੈ ਕਿ (وَسِعَ كُرۡسِيُّهُ السَّمٰوٰتِ وَالۡاَرۡضَ ۚ وَلَا يَـُٔوۡدُهٗ حِفۡظُهُمَا ۚ وَهُوَ الۡعَلِىُّ الۡعَظِيۡمُ) 'ਵਾਸਿਆ ਕੁਰਸੀਯੁੱਹੁਸ ਸਮਾਵਾਤਿ ਵਲ ਅਰਜ਼ਾ, ਵਲਾ ਯੂਊਦੁਹੂ ਹਿਫ਼ਜ਼ੁਹੁਮਾ, ਵ ਹੁਵਲ ਅਲੀਯੁਲ ਅਜ਼ੀਮ' ਅਰਥਾਤ ਰੱਬ ਦੀ ਕੁਰਸੀ ਹੇਠ ਸਾਰੇ ਆਕਾਸ਼ ਤੇ ਪਾਤਾਲ ਸਮਾਏ ਹੋਏ ਹਨ ਅਤੇ ਉਹ ਇਹਨਾਂ ਸਾਰਿਆਂ ਨੂੰ ਉਠਾਏ ਹੋਏ ਹੈ, ਇਹਨਾ ਨੂੰ ਉਠਾਉਣ ਤੋਂ ਉਹ ਥਕਦਾ ਨਹੀਂ ਹੈ ਅਤੇ ਉਹ ਅਤਿਅੰਤ ਬੁਲੰਦ ਹੈ ਕੋਈ ਅਕਲ ਉਸ ਦੇ ਅੰਤ ਤੱਕ ਨਹੀਂ ਪਹੁੰਚ ਸਕਦੀ ਅਤੇ ਅਤਿਅੰਤ ਵੱਡਾ ਹੈ । ਉਸ ਦੀ ਵੱਡਆਈ ਅੱਗੇ ਸਾਰੇ ਨੀਵੇਂ ਹਨ ਇਹ ਹੈ ਕੁਰਸੀ ਦਾ ਵਰਨਣ ਅਤੇ ਇਹ ਕੇਵਲ ਇਕ ਅਲੰਕਾਰ ਹੈ ਜਿਸ ਤੋਂ ਇਹ ਦਸੱਣਾ ਮਨਜ਼ੂਰ ਹੈ ਕਿ ਆਕਾਸ਼ ਤੇ ਪਾਤਾਲ ਸਾਰੇ ਰੱਬ ਦੇ ਘੇਰੇ ਵਿੱਚ ਹਨ ਅਤੇ ਇਹਨਾਂ ਸਾਰਿਆਂ ਦਾ ਅਸਥਾਨ ਅਤਿ ਦੂਰੀ ਵਿੱਚ ਹੈ ਅਤੇ ਉਸ ਦੀ ਵੱਡਿਆਈ ਦਾ ਕੋਈ ਅੰਤ ਨਹੀਂ ਹੈ

ਹਜ਼ੂਰ ਅਨਵਰ ਨੇ ਫ਼ਰਮਾਇਆ : ਸੋ, ਇਹ ਵਿਸ਼ਾ ਹੈ ਕਿ ਜਿਸ ਨੂੰ ਸਾਨੂੰ ਆਪਣੇ ਸਾਹਮਣੇ ਰਖੱਦਿਆਂ ਹੋਇਆਂ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਜੋ ਇਹ ਤਲਕੀਨ ਕੀਤੀ ਹੈ ਇਹ ਆਇਤ ਪੜ੍ਹੇ ਤਾਂ ਉਹ ਰੱਬ ਦੀ ਸੁਰੱਖਿਆ ਵਿੱਚ ਰਹੇਗਾ । ਸੋ, ਇਹ ਆਇਤ ਕੇਵਲ ਪੜ੍ਹਨਾ ਹੀ ਬਹੁਤ ਨਹੀਂ ਹੈ ਸਗੋਂ ਇਸ ਦੇ ਵਿਸ਼ੇ ਉਪੱਰ ਗ਼ੌਰ ਕਰਦਿਆਂ ਹੋਇਆਂ ਇਹਨਾਂ ਗੱਲਾਂ ਨੂੰ ਆਪਨਾਉਣ ਦੀ ਵੀ ਲੋੜ ਹੈ ਅਤੇ ਉਹ ਸੂਝਬੂਝ ਤੇ ਗਿਆਨ ਹਾਸਲ ਕਰਨ ਦੀ ਵੀ ਲੋੜ ਹੈ ਜੋ ਇਹਨਾਂ ਆਇਤਾਂ ਬਾਰੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ । ਜੇਕਰ ਇਹ ਗਲੱਾਂ ਹੋਣਗੀਆਂ ਤਾਂ ਫਿਰ ਮਨੁੱਖ ਰੱਬ ਦੀ ਮਿਹਰ ਨਾਲ ਉਸ ਦੀ ਸੁਰੱਖਿਆ ਵਿੱਚ ਰਹੇਗਾ । ਅਲੱਾਹ ਤਆਲਾ ਸਾਨੂੰ ਇਸ ਅਨੁਸਾਰ ਆਪਣੇ ਜੀਵਨ ਬਿਤਾਉਣ ਦੀ ਤੌਫ਼ੀਕ ਪ੍ਰਦਾਨ ਕਰੇ ।

ਅਖ਼ੀਰ ਵਿੱਚ ਹਜ਼ੂਰ ਅਨਵਰ ਨੇ ਮੁਕਰੱਮਾ ਆਬਦਾ ਬੇਗ਼ਮ ਸਾਹਿਬਾ ਸੁਪਤੱਨੀ ਅਬਦੁਲ ਕਾਦਿਰ ਡਾਹਰੀ ਸਾਹਬ ਦੇ ਸਦਗੁਣਾ ਦਾ ਵਰਨਣ ਕਰਦਿਆਂ ਹੋਇਆਂ ਨਮਾਜ਼ ਜਨਾਜ਼ਾਹ ਗ਼ਾਇਬ ਪੜ੍ਹਾਉਣ ਦਾ ਐਲਾਨ ਕੀਤਾ ।

**Khulasa Khutba Jumma 02.02.2018**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131